NZ ਤਸਵੀਰ NEWS
ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
0800 CLEANUS
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702, 0800 253 2687
www.redcleaning.co.nz

15 May 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਕ੍ਰਾਈਸਚਰਚ ਹਮਲੇ ਦੇ ਸਬੰਧ ਵਿੱਚ 18 ਸਾਲਾ ਨੌਜਵਾਨ ਜਮਾਨਤ 'ਤੇ ਰਿਹਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕ੍ਰਾਈਸਚਰਚ ਵਿਚ 15 ਮਾਰਚ ਨੂੰ ਮਸਜਿਦ ਦੀ ਗੋਲੀਬਾਰੀ ਦੇ ਸਬੰਧ ਵਿੱਚ ਗ੍ਰਿਫਤਾਰ ਇੱਕ 18 ਸਾਲਾ ਵਿਅਕਤੀ ਨੂੰ ਜਮਾਨਤ 'ਤੇ ਰਿਹਾਅ ਕੀਤਾ ਗਿਆ ਹੈ। ਇਸ 'ਤੇ ਇਲਜਾਮ ਸੀ ਕਿ ਮਸਜਿਦ ਗੋਲੀਬਾਰੀ ਦੌਰਾਨ ਇਸ ਨੇ ਆਨ ਲਾਈਨ ਪੋਸਟ ਕੀਤੀ ਗਈ ਇਤਰਾਜ਼ਯੋਗ ਵੀਡੀਓ ਨੂੰ ਰੱਖਣ ਅਤੇ ਹਿੰਸਾ ਭੜਕਾਉਣ ਦੀ ਧਮਕੀ ਵਾਲਾ ਵੀ ਦੋਸ਼ ਹੈ। ਉਸ ਨੂੰ ਜ਼ਮਾਨਤ 'ਤੇ ਭੇਜਿਆ ਗਿਆ ਹੈ ਅਤੇ ਉਹ ਅਗਲੇ ਮਹੀਨੇ ਕ੍ਰਾਈਸਚਰਚ ਜ਼ਿਲਾ ਅਦਾਲਤ' ਚ ਫਿਰ ਪੇਸ਼ ਕੀਤਾ ਜਾਵੇਗਾ। ਉਸ ਦੀ ਜ਼ਮਾਨਤ ਦੀਆਂ ਸ਼ਰਤਾਂ ਵਿਚ ਕਿਸੇ ਵੀ ਮਸਜਿਦ, ਚਰਚ ਜਾਂ ਪੂਜਾ ਦੀ ਜਗ੍ਹਾ ਤੋਂ 200 ਮੀਟਰ ਤੱਕ ਨਹੀਂ ਜਾ ਸਕਦੀ, ਸਿਰਫ ਮਾਪਿਆਂ ਦੀ ਨਿਗਰਾਨੀ ਹੇਠ ਇੰਟਰਨੈਟ ਦੇਖ ਸਕੇਗਾ ਅਤੇ ਸਹਿਯੋਗੀਆਂ ਨਾਲ ਕੋਈ ਸੰਪਰਕ ਨਹੀਂ ਰੱਖੇਗਾ। ਦੋਸ਼ੀ ਬੰਦੂਕਧਾਰੀ ਦੇ ਲਾਈਵਸਟ੍ਰੀਮ ਦੀ ਵੰਡ ਦੇ 13 ਦੋਸ਼ੀਆਂ ਵਿੱਚੋਂ ਇੱਕ ਹੈ।

## ਆਕਲੈਂਡ 'ਚ ਭਾਰਤੀ ਪਰਿਵਾਰ ਨਾਲ ਹੋਇਆ ਵਿਤਕਰਾ, ਮਕਾਨ ਕਿਰਾਏ 'ਤੇ ਦੇਣ ਤੋਂ ਮਿਲੀ ਨਾਂਹ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪਰਵਾਸੀਆਂ ਨਾਲ ਵਿਦੇਸ਼ਾਂ ਵਿੱਚ ਵਿਤਕਰੇ ਦੀਆਂ ਖਬਰਾਂ ਅਕਸਰ ਪੜਨ-ਸੁਣਨ ਨੂੰ ਮਿਲਦੀਆਂ ਰਹਿੰਦਿਆਂ ਹਨ। ਇਸੇ ਤਰਾਂ ਇੱਕ ਘਟਨਾ ਆਕਲੈਂਡ 'ਚ ਰਹਿੰਦੇ ਰਸ਼ਮੀ ਰਾਓਰਾਣੇ ਅਤੇ ਉਸਦੇ ਪਤੀ ਨਾਲ ਵਾਪਰੀ ਹੈ। ਇਸ ਬਾਰੇ ਮੀਡੀਆ ਵਿੱਚ ਛਪੀਆਂ ਰਿਪੋਰਟਾਂ ਮੁਤਾਬਿਕ ਰਸ਼ਮੀ ਰਾਓਰਾਣੇ ਨੇ ਕਿਰਾਏ 'ਤੇ ਮਕਾਨ ਲਈ ਪ੍ਰਾਪਰਟੀ ਮੈਨੇਜਰ ਜੀਨ ਝੈਂਗ ਨਾਲ ਸੰਪਰਕ ਕੀਤਾ ਸੀ ਪਰ ਮਕਾਨ ਮਾਲਕ ਨੇ ਉਨਹਾਂ ਨੂੰ ਇਹ ਆਖ ਕੇ ਮਨਾ ਕਰ ਦਿੱਤਾ ਕਿ ਭਾਰਤੀ ਗੰਦੇ ਹੁੰਦੇ ਹਨ। ਰਸ਼ਮੀ ਅਤੇ ਉਸਦੇ ਪਰਿਵਾਰ ਨੂੰ ਇਸ ਨਾਲ ਵੱਡਾ ਧੱਕਾ ਲੱਗਿਆ ਹੈ। ਉਨ੍ਹਾਂ ਨੇ ਇਸ ਸਬੰਧੀ ਹਿਊਮਨ ਰਾਈਟਸ ਕਮਿਸ਼ਨ ਨੂੰ ਇਸ ਸੰਬੰਧੀ ਸ਼ਿਕਾਇਤ ਵੀ ਦਰਜ ਕਰਵਾਈ ਹੈ। ਜਿਕਰਯੋਗ ਹੈ ਕਿ ਰਸ਼ਮੀ ਆਕਲੈਂਡ 'ਚ ਪ੍ਰਾਇਮਰੀ ਅਧਿਆਪਕ ਦੇ ਤੌਰ 'ਤੇ ਸੇਵਾ ਨਿਭਾ ਰਹੀ ਹੈ। ਆਕਲੈਂਡ 'ਚ ਵਸਦੇ ਭਾਰਤੀ ਭਾਈਚਾਰੇ ਵਿੱਚ ਇਸ ਸਬੰਧੀ ਰੋਸ ਪਾਇਆ ਜਾ ਰਿਹਾ ਹੈ।

## ਆਕਲੈਂਡ 'ਚ ਹਰਭਜਨ ਮਾਨ ਦਾ ਅਖਾੜਾ 29 ਜੂਨ ਨੂੰ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) JK Star Productions ਵੱਲੋਂ ਆਕਲੈਂਡ 'ਚ 29 ਜੂਨ ਨੂੰ ਪੰਜਾਬੀ ਸਟਾਰ ਗਾਇਕ ਹਰਭਜਨ ਮਾਨ ਦਾ ਇੱਕ ਲਾਈਵ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸ਼ੋਅ ਵੋਡਾਫੋਨ ਈਵੈਂਟ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਇੱਕ ਪਰਵਾਰਿਕ ਸ਼ੋਅ ਹੋਵੇਗਾ। ਜਿਸ ਵਿੱਚ ਹਰਭਜਨ ਮਾਨ ਆਪਣੇਂ ਨਵੇਂ ਪੁਰਾਣੇ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਸ਼ੋਅ ਲਈ ਟਿਕਟਾਂ ਉਪਲਬਧ ਹੋ ਚੁੱਕੀਆਂ ਹਨ। ਟਿਕਟਾਂ ਅਤੇ ਸਪਾਂਸਰਸ਼ਿਪ ਲਈ ਕਰਮ ਹੁੰਦਲ ਨੂੰ 0275146477 'ਤੇ ਕਾਲ ਕੀਤੀ ਜਾ ਸਕਦੀ ਹੈ। jkstarproductions@outlook.com.nz 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਆਕਲੈਂਡ ਤੋ ਭਾਰਤ ਆਏ ਪੰਜਾਬੀ ਕਾਰੋਬਾਰੀ ਦੇ ਨਾਮ ਜਾਰੀ ਹੋਏ ਵਾਰੰਟ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪ੍ਰੀਤ ਐਂਡ ਕੋ ਰੀਅਲ ਅਸਟੇਟ ਦੇ ਮਾਲਕ ਗੁਰਪ੍ਰੀਤ ਗਰੇਵਾਲ ਜੋ ਕਿ ਆਕਲੈਂਡ ਵਿੱਚ ਹਰਕੋਰਟ ਦੀ ਫਰੈਂਚਾਈਜ਼ੀ ਦੇ ਤਹਿਤ ਰੀਅਲ ਅਸਟੇਟ ਦਾ ਕੰਮ ਕਰਦਾ ਸੀ ਦੇ ਨਾਮ ਵਾਰੰਟ ਜਾਰੀ ਹੋਏ ਹਨ। ਉਸਨੇ ਆਈ ਆਰ ਡੀ ਦੇ £500,000 ਵੀ ਦੇਣੇ ਹਨ। ਅਤੇ ਉਹ ਕਈਂ ਹੋਰ ਦੋਸ਼ਾਂ ਦਾ ਸਾਹਮਣਾ ਵੀ ਕਰ ਰਿਹਾ ਹੈ। ਉਸਨੂੰ ਪਹਿਲਾਂ ਜਮਾਨਤ ਨਹੀਂ ਦਿੱਤੀ ਗਈ ਸੀ ਪਰ ਦੂਜੀ ਵਾਰ ਬੇਨਤੀ ਕਰਨ 'ਤੇ ਉਸਨੂੰ 10000 ਡਾਲਰ ਦਾ ਮੁਚੱਲਕਾ ?ਤੇ ਨਾਲ ਦੋ ਹਫਤਿਆਂ 'ਚ ਭਾਰਤ ਤੋਂ ਵਾਪਸ਼ ਆਉਣ ਦੀ ਸ਼ਰਤ 'ਤੇ ਜਮਾਨਤ ਦਿੱਤੀ ਗਈ ਸੀ ਪਰ ਉਹ ਵਾਪਸ ਨਿਊਜੀਲੈਂਡ ਨਹੀਂ ਆਇਆ ਉਸ ਦੀ ਪਤਨੀ ਅਤੇ ਬੱਚੇ ਵੀ ਨਿਊਜੀਲੈਂਡ ਛੱਡ ਚੁੱਕੇ ਹਨ।

## ਵੋਡਾਫੋਨ ਨਿਊਜੀਲੈਂਡ ਨੂੰ ਦੋ ਕੰਪਨੀਆਂ ਨੇ 3.5 ਬਿਲੀਅਨ ਵਿੱਚ ਖਰੀਦਿਆ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਵੋਡਾਫੋਨ ਨੂੰ ਇਨਫਰਾਸਟਰਕਚਰ ਇਨਵੈਸਟਮੈਂਟ ਕੰਪਨੀ ਇਨਫਰਾਟਿਲ ਅਤੇ ਕੈਨੇਡਾ ਦੀ ਬਰੂਕਫਿਲਡ ਐਸੇਟ ਕੰਪਨੀ ਵੱਲੋਂ 3.588 ਬਿਲੀਅਨ ਡਾਲਰ ਵਿੱਚ ਖਰੀਦ ਲਿਆ ਗਿਆ ਹੈ। ਇਸ ਦਾ ਐਲਾਨ ਤਾਂ ਪਿਛਲੇ ਹਫਤੇ ਹੀ ਹੋ ਗਿਆ ਸੀ।ਕੰਪਨੀ ਆਪਣੇ ਕਰਜਿਆਂ ਦੇ ਬੋਝ ਨੂੰ ਘੱਟ ਕਰਨ ਲਈ ਅਜਿਹਾ ਕਰ ਰਹੀ ਹੈ।

## ਅਮਰੀਕਾ 'ਚ ਭਾਰਤੀ ਔਰਤ ਦਾ ਸ਼ਰਮਨਾਕ ਕਾਰਾ, ਨੌ ਸਾਲਾ ਧੀ ਦਾ ਕਤਲ

ਅਮਰੀਕਾ 'ਚ ਭਾਰਤੀ ਮੂਲ ਦੀ ਔਰਤ ਨੂੰ ਨੌ ਸਾਲ ਦੀ ਮਤਰੱਈ ਧੀ ਦੇ ਕਤਲ ਦਾ ਦੋਸ਼ੀ ਪਾਇਆ ਗਿਆ। ਸਜ਼ਾ 3 ਜੂਨ ਨੂੰ ਸੁਣਾਈ ਜਾਵੇਗੀ ਤੇ ਇਸ ਕੈਦ ਹੋ ਸਕਦੀ ਹੈ। ਘਟਨਾ 2016 ਦੀ ਹੈ ਜਿਸ 'ਚ 55 ਸਾਲਾ ਦੀ ਸ਼ਾਮਦਈ ਅਰਜੁਨ ਨੇ ਅਸਦੀਪ ਕੌਰ ਦਾ ਗਲ ਘੁੱਟ ਕੇ ਕਤਲ ਕੀਤਾ ਸੀ।



ਜ਼ੁਰਮ 'ਚ ਉਸ ਨੂੰ 25 ਸਾਲ ਤਕ ਦੀ ਕੈਦ ਹੋ ਸਕਦੀ ਹੈ। ਨਿਊਯਾਰਕ: ਅਮਰੀਕਾ 'ਚ ਭਾਰਤੀ ਮੂਲ ਦੀ ਔਰਤ ਨੂੰ ਨੌ ਸਾਲ ਦੀ ਮਤਰੱਈ ਧੀ ਦੇ ਕਤਲ ਦਾ ਦੋਸ਼ੀ ਪਾਇਆ ਗਿਆ। ਸਜ਼ਾ 3 ਜੂਨ ਨੂੰ ਸੁਣਾਈ ਜਾਵੇਗੀ ਤੇ ਇਸ ਜ਼ੁਰਮ 'ਚ ਉਸ ਨੂੰ 25 ਸਾਲ ਤਕ ਦੀ

ਕਾਰਜਕਾਰੀ ਡਿਸਟ੍ਰਿਕਟ ਅਟਾਰਨੀ ਜੌਨ ਰਿਆਨ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ, ਬੇਵੱਸ ਬੱਚੀ ਨਾਲ ਹੋਇਆ ਇਹ ਦਿਲ ਦਹਿਲਾਉਣ ਵਾਲਾ ਮਾਮਲਾ ਹੈ। ਉਸ ਦੀ ਦੇਖਭਾਲ ਮਤਰੱਈ ਮਾਂ ਨੇ ਕਰਨੀ ਸੀ, ਪਰ ਉਸ ਨੇ ਹੀ ਗਲ ਘੁੱਟ ਦਿੱਤਾ। ਉਹ ਕਾਨੂੰਨਨ ਜ਼ਿਆਦਾ ਸਜ਼ਾ ਦੀ ਹੱਕਦਾਰ ਹੈ। ਅਟਾਰਨੀ ਦੀ ਇਸ ਟਿੱਪਣੀ ਤੋਂ ਬਾਅਦ ਮੰਨਿਆ ਜਾ ਰਿਹਾ ਹੈ ਕਿ ਦੋਸ਼ੀ ਸ਼ਾਮਦਈ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇਗੀ। ਚਸ਼ਮਦੀਦ ਮੁਤਾਬਕ ਉਸ ਨੇ 19 ਅਗਸਤ, 2016 ਦੀ ਸ਼ਾਮ ਸ਼ਾਮਦਈ ਨੂੰ ਉਸ ਦੇ ਸਾਬਕਾ ਪਤੀ ਰੇਮੰਡ ਨਾਰਾਇਣ, 3 ਤੇ 5 ਸਾਲਾ ਦੇ ਦੋ ਬੱਚਿਆਂ ਨਾਲ ਕੁਈਨਜ਼ ਨੇੜਲੇ ਅਪਾਰਮੈਂਟ ਵਿੱਚੋਂ ਨਿਕਲਦੇ ਦੇਖਿਆ ਸੀ। ਉਸ ਸਮੇਂ ਚਸ਼ਮਦੀਦ ਨੇ ਅਸਦੀਪ ਬਾਰੇ ਪੁੱਛਿਆ ਤਾਂ ਸ਼ਾਮਦਈ ਨੇ ਕਿਹਾ ਉਹ ਬਾਥਰੂਮ 'ਚ ਹੈ ਤੇ ਆਪਣੇ ਪਿਤਾ ਦਾ ਇਤਜ਼ਾਰ ਕਰ ਰਹੀ ਹੈ, ਉਹ ਉਨ੍ਹਾਂ ਨਾਲ ਆਵੇਗੀ। ਬਾਅਦ 'ਚ ਉਸ ਨੇ ਕਈ ਘੰਟਿਆਂ ਬਾਥਰੂਮ ਦੀ ਲਾਈਟ ਬਲਦੇ ਦੇਖੀ। ਇਸ ਤੋਂ ਬਾਅਦ ਉਸ ਨੇ ਪੀੜਤ ਦੇ ਪਿਓ ਸੁਖਜਿੰਦਰ ਨੂੰ ਫੋਨ ਕੀਤਾ। ਉਸ ਦੇ ਆਉਣ ਤੋਂ ਬਾਅਦ ਬਾਥਰੂਮ ਦਾ ਦਰਵਾਜ਼ਾ ਤੋੜਿਆ ਗਿਆ ਜਿੱਥੇ ਅਸਦੀਪ ਦੀ ਲਾਸ਼ ਬਾਥਟੱਬ 'ਚ ਪਈ ਸੀ। ਉਸ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਸੀ।

## 70 ਪਾਕਿਸਤਾਨੀਆਂ ਨੂੰ ਅਮਰੀਕਾ ਕਰੇਗਾ ਡਿਪੋਰਟ

ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਨਾਜਾਇਜ਼ ਤੌਰ 'ਤੇ ਰਹਿ ਰਹੇ ਤਕਰੀਬਨ 70 ਪਾਕਿਸਤਾਨੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾਵੇਗਾ, ਜਿਨ੍ਹਾਂ ਨੂੰ ਬੁੱਧਵਾਰ ਨੂੰ ਪਾਕਿਸਤਾਨ ਦੇ ਵਿਸ਼ੇਸ਼ ਚਾਰਟਡ ਜਹਾਜ਼ ਰਾਹੀਂ ਵਾਪਸ ਭੇਜਿਆ ਜਾਵੇਗਾ। ਵਿਦੇਸ਼ ਮਾਮਲਿਆਂ 'ਤੇ ਨੈਸ਼ਨਲ ਅਸੈਂਬਲੀ ਦੀ ਸਥਾਈ ਕਮੇਟੀ ਨੂੰ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਕੁਰੈਸ਼ੀ ਨੇ ਕਿਹਾ ਕਿ ਇਨ੍ਹਾਂ ਸਾਰਿਆਂ ਨੂੰ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ, ਅਪਰਾਧਕ ਰਵੱਈਏ ਅਤੇ ਹੋਰ ਗੰਭੀਰ ਦੋਸ਼ਾਂ ਵਿਚ ਹਿਰਾਸਤ ਵਿਚ ਲਿਆ




ਗਿਆ ਸੀ। ਜੀਓ ਨਿਊਜ਼ ਨੇ ਕੁਰੈਸ਼ੀ ਦੇ ਹਵਾਲੇ ਤੋਂ ਕਿਹਾ ਕਿ ਅਮਰੀਕਾ 70 ਤੋਂ ਜ਼ਿਆਦਾ ਨਾਜਾਇਜ਼ ਪਾਕਿਸਤਾਨੀਆਂ ਨੂੰ ਡਿਪੋਰਟ ਕਰਨ ਜਾ ਰਿਹਾ ਹੈ। ਪਾਕਿਸਤਾਨ ਨੇ ਅਮਰੀਕਾ ਨੂੰ ਕਿਹਾ ਹੈ ਕਿ ਡਿਪੋਰਟ ਕੀਤੇ ਜਾ ਰਹੇ ਪਾਕਿਸਤਾਨੀਆਂ ਦੀ ਕਾਨੂੰਨੀ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਕਲ ਵਿਸ਼ੇਸ਼ ਚਾਰਟਡ ਜਹਾਜ਼ ਰਾਹੀਂ ਉਨ੍ਹਾਂ ਨੂੰ ਵਾਪਸ ਲੈ ਕੇ ਆਵੇਗਾ। ਅਮਰੀਕਾ ਵਲੋਂ ਪਾਕਿਸਤਾਨ 'ਤੇ ਵੀਜ਼ਾ ਪਾਬੰਦੀ ਲਗਾਉਣ ਦੀਆਂ ਖਬਰਾਂ ਨੂੰ ਰੱਦ ਕਰਦੇ ਹੋਏ ਕੁਰੈਸ਼ੀ ਨੇ ਇਹ ਮੰਨਿਆ ਕਿ ਤਿੰਨ ਪਾਕਿਸਤਾਨੀ ਅਧਿਕਾਰੀਆਂ ਦੀ ਅਮਰੀਕਾ ਯਾਤਰਾ 'ਤੇ ਟਰੰਪ ਪ੍ਰਸ਼ਾਸਨ ਵਲੋਂ ਪਾਬੰਦੀ ਲਗਾਈ ਗਈ ਹੈ।

## ਪਾਪੂਆ ਨਿਊ ਗਿਨੀ ਚ ਭੂਚਾਲ ਦੇ ਜ਼ਬਰਦਸਤ ਝਟਕੇ, ਸੁਨਾਮੀ ਦੀ ਚਿਤਾਵਨੀ

ਸਿਡਨੀ— ਪਾਪੂਆ ਨਿਊ ਗਿਨੀ 'ਚ ਮੰਗਲਵਾਰ ਨੂੰ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ, ਜਿਸ ਤੋਂ ਬਾਅਦ ਸੁਨਾਮੀ ਦੀ ਚਿਤਾਵਨੀ ਵੀ ਜਾਰੀ ਕੀਤੀ ਗਈ ਹੈ। ਅਮਰੀਕੀ ਭੂ-ਗਰਗ ਸਰਵੇ ਨੇ ਦੱਸਿਆ ਸਥਾਨਕ ਸਮੇਂ ਮੁਤਾਬਕ ਰਾਤ ਕਰੀਬ 11 ਵਜੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਇਸ ਦੀ ਰਿਕਟਰ ਪੈਮਾਨੇ 'ਤੇ ਤੀਬਰਤਾ 7.7 ਮਾਪੀ ਗਈ ਹੈ। ਭੂਚਾਲ ਦਾ ਕੇਂਦਰ ਕੋਕੋਪੋ ਤੋਂ 28 ਕਿਲੋਮੀਟਰ ਉੱਤਰ-ਪੂਰਬ 'ਚ 4.2 ਡਿਗਰੀ ਦੱਖਣੀ ਲੈਟੀਟਿਊਡ ਤੇ 152.48 ਡਿਗਰੀ ਪੂਰਬੀ ਲਾਂਗੀਟਿਊਡ 'ਤੇ ਧਰਤੀ ਤੋਂ 10 ਕਿਲੋਮੀਟਰ ਦੀ ਗਹਿਰਾਈ 'ਤੇ ਸੀ। ਭੂਚਾਲ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਭੂਚਾਲ ਤੋਂ 9 ਮਿੰਟ ਬਾਅਦ ਸੁਨਾਮੀ ਦੀ ਚਿਤਾਵਨੀ ਜਾਰੀ ਕਰ ਦਿੱਤੀ ਗਈ ਤੇ ਸਥਾਨਕ ਲੋਕਾਂ ਨੂੰ ਤੱਟ ਤੋਂ ਘੱਟੋ-ਘੱਟ 10 ਕਿਲੋਮੀਟਰ ਦੀ ਦੂਰੀ ਬਣਾਉਣ ਲਈ ਕਿਹਾ ਗਿਆ ਹੈ। ਭੂਚਾਲ ਕਾਰਨ ਅਜੇ ਕਿਸੇ ਨੁਕਸਾਨ ਦੀ ਖਬਰ ਨਹੀਂ ਮਿਲੀ ਹੈ।

## ਭਾਰਤ ਨੇ ਅਮਰੀਕੀ ਵਸਤਾਂ ਤੇ ਇੰਪੋਰਟ ਡਿਊਟੀ ਵਧਾਉਣ ਦਾ ਫੈਸਲਾ ਕੀਤਾ ਰੱਦ

ਵਾਸ਼ਿੰਗਟਨ - ਭਾਰਤ ਨੇ ਅਮਰੀਕੀ ਵਸਤਾਂ 'ਤੇ ਲੱਗਣ ਵਾਲੇ ਇੰਪੋਰਟ ਡਿਊਟੀ ਨੂੰ ਵਧਾਉਣ ਦੇ ਫੈਸਲੇ ਨੂੰ 16 ਜੂਨ ਤੱਕ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਦੇਸ਼ 'ਚ ਬਣਨ ਵਾਲੀ ਨਵੀਂ ਸਰਕਾਰ ਇਸ ਨੂੰ ਲੈ ਕੇ ਵੱਡਾ ਫੈਸਲਾ ਕਰ ਸਕਦੀ ਹੈ। ਭਾਰਤ ਵੱਡੀ ਗਿਣਤੀ 'ਚ ਅਮਰੀਕਾ ਤੋਂ ਉਤਪਾਦ ਇੰਪੋਰਟ ਕਰਦਾ ਹੈ ਅਤੇ ਦੋਹਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧਾਂ ਨੂੰ ਬਣਾਏ ਰੱਖਣ ਲਈ ਇਹ ਫੈਸਲਾ ਲਿਆ ਗਿਆ ਹੈ।ਦੱਸ ਦਈਏ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ 'ਚ ਕਿਹਾ ਸੀ ਕਿ ਭਾਰਤ ਬਹੁਤ ਵੱਧ ਡਿਊਟੀ ਲਾਉਣ ਵਾਲਾ ਦੇਸ਼ ਹੈ। ਉਨ੍ਹਾਂ ਆਖਿਆ ਕਿ ਉਹ ਬਰਾਬਰ ਟੈਕਸ ਜਾਂ ਫਿਰ ਘਟੋਂ-ਘੱਟ ਇਕ ਆਮ ਟੈਕਸ ਚਾਹੁੰਦੇ ਹਨ। ਟਰੰਪ ਨੇ ਕੰਜ਼ਰਵੇਟਿਵ ਪਾਲਿਟੀਕਲ ਐਕਸ਼ਨ ਕਾਨਫਰੰਸ (ਸੀ. ਪੀ. ਏ. ਸੀ.) ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਭਾਰਤ ਬਹੁਤ ਵੱਧ ਡਿਊਟੀ ਲਾਉਣ ਵਾਲਾ ਦੇਸ਼ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ 100 ਫੀਸਦੀ ਸ਼ੁਲਕ ਲਗਾਉਂਦਾ ਹੈ ਹਾਲਾਂਕਿ ਮੈਂ, ਤੁਹਾਡੇ 'ਤੇ 100 ਫੀਸਦੀ ਸ਼ੁਲਕ ਨਹੀਂ ਲਾਉਣ ਜਾ ਰਿਹਾ ਪਰ 25 ਫੀਸਦੀ ਦਾ ਸ਼ੁਲਕ ਜ਼ਰੂਰ ਲਾ ਰਿਹਾ ਹਾਂ। ਇਸ ਕਦਮ 'ਤੇ ਸੰਸਦ 'ਚ ਹੰਗਾਮਾ ਹੋ ਰਿਹਾ ਹੈ ਕਿਉਂਕਿ ਅਸੀਂ 25 ਫੀਸਦੀ ਦਾ ਸ਼ੁਲਕ ਲਾਉਣ ਜਾ ਰਹੇ ਹਾਂ।

